Code : 820128(M) - $SA_2$

# ਜ਼ਮਾਤ- ਅੱਠਵੀ
# ਵਿਸ਼ਾ- ਪੰਜਾਬੀ

ਕੁਲ ਅੰਕ : 80 (Summative Assessmant-II) ਸਮਾਂ : 3 ਘੰਟੇ

**ਜਰੂਰੀ ਨੋਟ:**

1 ਪੇਪਰ ਤਰਤੀਬ ਅਨੁਸਾਰ ਹੱਲ ਕਰੋ।

2 ਲਿਖਾਈ ਸਾਫ ਅੱਤੇ ਸੁੰਦਰ ਲਿਖੋ।

3 ਸਾਰੇ ਪ੍ਰਸਨ ਹੱਲ ਕਰਨੇ ਜ਼ਰੂਰੀ ਹਨ।

## ਭਾਗ- ੳ (ਸਾਹਿਤ)

ਪ੍ਰਸ਼ਨ:1 ਹੇਠ ਲਿਖੀਆਂ ਕਾਵਿ ਸੱਤਰਾਂ ਦੇ ਆਧਾਰ ਤੇ ਪ੍ਰਸਨਾਂ ਦੇ ਉੱਤਰ ਦਿਓ : 5+5=10

ਬੰਨੇ-ਬੰਨੇ ਉੱਡਣ ਡੋਰੀਏ
ਥਾਂ-ਥਾਂ ਛਣਕਣ ਵੰਗਾਂ
ਹਰ ਗੋਰੀ ਦੇ ਦਿਲ ਵਿਚ ਜਾਗੀਆਂ
ਸੁੱਤਿਆਂ ਹੋਈਆਂ ਉਮੰਗਾਂ
ਗਿੱਧੇ ਮੱਚੇ, ਝਾਂਜਰ ਛਣਕੀ
ਪੌਣ ਗਈ ਨਸ਼ਿਆਈ
ਸ਼ਾਵਾ ਓ। ਕਿਸਾਨਾ ਤੇਰੇ
ਸ਼ਾਵਾ ਓ। ਮਜ਼ੂਰਾ ਤੇਰੇ
ਰਾਖੀ ਦੀ ਰੁੱਤ ਆਈ।

ਪ੍ਰਸ਼ਨ:1 ਕਵੀ ਅਤੇ ਕਵਿਤਾ ਦਾ ਨਾਂ ਲਿਖੋ? 2

2 ਡੋਰੀਏ ਤੋਂ ਕੀ ਭਾਵ ਹੈ? 1

3 ਗੋਰੀ ਦੇ ਦਿਲ ਵਿੱਚ ਕਿਸ ਤਰਾਂ ਦੀਆਂ ਉਮੰਗਾਂ ਜਾਗ ਰਹੀਆਂ ਸਨ? 1

4 ਕਿਸਾਨ ਨੂੰ ਕਿਸ ਲਈ ਚੁਕੰਨਾ ਕੀਤਾ ਗਿਆ ਹੈ? 1

(ਅ) "ਲੈ ਕੇ ਦਰਦ ਪਰਾਇਆ ਜਿਸ ਨੇ, ਆਪਣਾ ਦਰਦ ਭੁਲਾਇਆ।
ਉਸ ਦੇ ਘਰ ਖੁਸੀਆਂ ਨੇ ਆ ਕੇ ਆਪਣਾ ਸੀਸ ਨਿਵਾਇਆ।
ਸ਼ਮ੍ਹਾ ਬਣ ਕੇ, ਤਾਰੀਕੀ ਨੂੰ, ਜਿਸਨੇ ਪਿਆਰ ਸਿਖਾਇਆ।
ਉਸਦੇ ਅੱਗੇ ਨਫਰਤ ਭਰਿਆ ਹਰ ਨ੍ਹੇਰਾ ਸ਼ਰਮਾਇਆ।

ਪ੍ਰਸ਼ਨ:1 ਕਵੀ ਅਤੇ ਕਵਿਤਾ ਦਾ ਨਾਂ ਲਿਖੋ? 2

2 ਖੁਸੀਆਂ ਨੇ ਕਿਸ ਦੇ ਘਰ ਆ ਕੇ ਸੀਸ ਨਿਵਾਇਆ? 1

3 'ਤਾਰੀਕੀ' ਤੋਂ ਕੀ ਭਾਵ ਹੈ? 1

4 ਹਨੇਰਾ ਕਿਸ ਤਰ੍ਹਾਂ ਦੂਰ ਹੋ ਗਿਆ? 1

ਪ੍ਰਸ਼ਨ:2 ਹੇਠ ਲਿਖੇ ਪ੍ਰਸ਼ਨਾ ਵਿੱਚੋ ਕੋਈ ਪੰਜ ਪ੍ਰਸ਼ਨਾ ਦੇ ਉੱਤਰ ਲਿਖੋ:- 5×2=10

1 ਮਹਿਮੂਦ, ਮੋਹਸਿਨ, ਨੂਰੇ ਤੇ ਸ਼ਮੀ ਨੇ ਕਿਹੜੇ-ਕਿਹੜੇ ਖਿਡੌਣੇ ਖਰੀਦੇ?

2 ਹਾਮਿਦ ਨੇ ਚਿਮਟਾ ਕਿਉਂ ਖਰੀਦਿਆ?

3 ਹਰਨਾਖਸ਼ ਨੇ ਪ੍ਰਹਿਲਾਦ ਨੂੰ ਮਾਰਨ ਦੇ ਕੀ ਜਤਨ ਕੀਤੇ?
4 ਹਾਮਿਦ ਦੇ ਮਿੱਤਰ ਚਿਮਟੇ ਤੋ ਕਿਉਂ ਪ੍ਰਭਾਵਿਤ ਹੋਏ?
5 ਹਰਨਾਖਸ਼ ਦਾ ਅੰਤ ਕਿਵੇਂ ਹੋਇਆਂ?
6 ਮੁੰਡੇ ਹਾਮਿਦ ਬਾਰੇ ਕੀ ਸੋਚਦੇ ਸਨ?
7 ਪ੍ਰਹਿਲਾਦ ਨੂੰ ਥਮਲੇ ਉੱਤੇ ਜਾਂਦੀ ਕੀੜੀ ਦੇਖ ਕੇ ਕੀ ਮਹਿਸੂਸ ਹੋਇਆ?ਵਰਨਣ ਕਰੋ?

ਪ੍ਰਸ਼ਨ:3 ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਵਿੱਚ ਦਿਉ:- 10×1=10
1 "ਮੈਂ ਕੱਬਾ ਹਾਂ ਮੈਥੋਂ ਬਚੋ" ਇਹ ਸ਼ਬਦ ਕਬੱਡੀ ਵਿੱਚ ਕੌਣ ਕਹਿੰਦਾ ਹੈ?
2 ਪੰਜਾਬੀ ਕਬੱਡੀ ਹੁਣ ਕਿੰਨੇ ਮੀਟਰ ਦੇ ਦਾਇਰੇ ਵਿੱਚ ਖੇਡੀ ਜਾਂਦੀ ਹੈ?
3 ਕਬੱਡੀ ਕਿਸ ਵਿੱਚ ਸਮਾਈ ਹੋਈ ਹੈ?
4 ਉਜ਼ੋਨ ਗੈਸ ਕਿਸ ਰੰਗ ਦੀ ਹੁੰਦੀ ਹੈ
5 ਭੁਪਾਲ ਕਾਂਡ' ਕਦੋ ਹੋਇਆ?
6 ਧੁਨੀ ਪ੍ਰਦੂਸ਼ਨ ਦੇ ਕੀ ਨੁਕਸਾਨ ਹਨ?
7 ਦਿਨ ਦਾ ਪਹਿਲਾ ਪਹਿਰ ਕਦੋਂ ਖਤਮ ਹੁੰਦਾ ਹੈ?
8 ਸਪਰਿੰਗਾਂ ਨਾਲ ਚਲਣ ਵਾਲੇ ਕਲਾਕ ਕਦੋਂ ਬਣੇ?
9 ਜਦੋਂ ਸੂਰਜ ਮਨੁੱਖ ਦੇ ਸਿਰ ਤੇ ਹੁੰਦਾ ਹੈ, ਤਾਂ ਪਰਛਾਵਾਂ ਕਿੱਥੇ ਹੁੰਦਾ ਹੈ?
10 ਕਿਸ ਕਿਸਮ ਦੀ ਕਬੱਡੀ ਵਿੱਚ ਮਾਰ -ਕੁਟਾਈ ਕਾਫੀ ਹੁੰਦੀ ਹੈ?

ਪ੍ਰਸ਼ਨ:4 ਮਾਵਾਂ ਠੰਡੀਆਂ ਛਾਵਾਂ' ਵਿੱਚ ਚਾਰਲੀ ਚੈਪਲਿਨ ਦਾ ਬਚਪਨ ਕਿਵੇਂ ਬੀਤਿਆ, ਵਿਸਥਾਰ ਨਾਲ ਲਿਖੋ ਅਤੇ ਇਹ ਵੀ ਦੱਸੋ ਕੀ ਉਸਦੀ ਮਾਂ ਜਿਗਰੇ ਵਾਲੀ ਇਸਤਰੀ ਕਿਵੇਂ ਸੀ?

(ਜਾਂ)

'ਹਾਲੀਵੁੱਡ ਦਾ ਯੂਨੀਵਰਸਲ ਸਟੂਡੀਓ' ਲੇਖ ਸੰਖੇਪ ਵਿੱਚ ਲਿਖੋ? 5

ਪ੍ਰਸ਼ਨ:5 ਖਾਲੀ ਥਾਵਾਂ ਭਰੋ:- 3×1=3
(ੳ) 1 ਸਰਬ-ਸ਼ਕਤੀਮਾਨ ਈਸ਼ਵਰ ਹੈ, ਜੋ ਇਸ ਸੰਸਾਰ ਦਾ -----------ਹੈ।
2 ਨਰ ਸਿੰਘ ਨੇ ਆਪਣੇ------------- ਨਾਲ ਹਰਨਾਖਸ਼ ਨੂੰ ਮਾਰ ਦਿੱਤਾ।
3 ਹਾਮਿਦ ਆਪਣੀ ਦਾਦੀ ਨਾਲ------------ ਦੇ ਮੇਲੇ ਤੇ ਜਾਦਾਂ ਹੈ।

(ਅ) ਹੇਠ ਲਿਖੇ ਸ਼ਬਦਾ ਦੇ ਅਰਥ ਲਿਖੋ?
ਅਹਿਸਾਨ ਮੰਦ, ਠਾਠ- ਬਾਠ 1+1=2

## ਭਾਗ- ਅ(ਵਿਆਕਰਨ)

ਪ੍ਰਸ਼ਨ:6 ਬਹੁ ਵਿਕਲਪੀ ਵਿਧੀ ਉੱਤੇ ਅਧਾਰਤ ਪੁੱਛੇ ਗਏ ਪ੍ਰਸਨਾਂ ਦੇ ਠੀਕ ਉੱਤਰ ਦਿਉ
(ੳ) 1 ਯਾਦਗਾਰ ਦਾ ਵਿਸ਼ੇਸ਼ਣ ਹੈ : 2
(ੳ) ਯਾਦ ਕਰਨਾ (ਅ) ਯਾਦ
(ੲ) ਯਾਦਗਾਰੀ (ਸ) ਕੋਈ ਵੀ ਨਹੀਂ
2 'ਬਲ' ਦਾ ਵਿਸ਼ੇਸ਼ਣ ਹੈ : 2
(ੳ) ਬਲਵਾਨ (ਅ) ਤਾਕਤਵਾਰ
(ੲ) ਹਿੰਮਤ (ਸ) ਆਪਣੇ ਬਲ ਤੇ

(ਅ) 1 'ਮਨਾਹੀ' ਦਾ ਵਿਰੋਧੀ ਸ਼ਬਦ ਹੈ: 2

(ੳ) ਮਨ੍ਹਾ ਕਰਨਾ (ਅ) ਖੁਲ੍ਹ
(ੲ) ਰੋਕ ਲਾਉਣੀ (ਸ) ਸ਼ਰੇਆਮ

2 'ਲੋਕ' ਦਾ ਵਿਰੋਧੀ ਸ਼ਬਦ ਹੈ:

(ੳ) ਲੋਕੀ (ਅ) ਪਰਲੋਕ
(ੲ) ਸੰਸਾਰ (ਸ) ਦੁਨੀਆ

(ੲ) 1 'ਦਾਨਵ' ਦਾ ਸਮਾਨਰਥਕ ਸ਼ਬਦ ਹੈ: 2

(ੳ) ਦੇਵਤਾ (ਅ) ਦਾਨ ਕਰਨ ਵਾਲਾ
(ੲ) ਦੈਂਤ (ਸ) ਦਾਨਵੀਰ

2. 'ਜਿਸਮ' ਦਾ ਸਮਾਨਰਥਕ ਸ਼ਬਦ ਹੈ:

(ੳ) ਸਰੀਰ (ਅ) ਤਾਕਤ
(ੲ) ਬਲਵਾਨ (ਸ) ਜੋਸ਼ੀਲਾ

(ਸ) ਬਹੁਤੇ ਸ਼ਬਦਾ ਦੀ ਥਾਂ ਇਕ ਸ਼ਬਦ ਲਿਖੋ:

1 ਜਿਹੜਾ ਦੇਸ਼ ਨਾਲ ਗਦਾਰੀ ਕਰੇ: 2

(ੳ) ਦੇਸ਼ ਧਰੋਹੀ (ਅ) ਦੇਸ਼ ਨੂੰ ਪਿਆਰ ਕਰਨ ਵਾਲਾ
(ੲ) ਦੇਸ਼ ਲਈ ਸ਼ਹੀਦ ਹੋਣ ਵਾਲਾ (ਸ) ਦੇਸ਼ ਪ੍ਰੇਮੀ

2 ਆਪਣਾ ਮਤਲਬ ਕੱਢਣ ਵਾਲਾ

(ੳ) ਪਿਆਰਾ (ਅ) ਹਰਮਨ ਪਿਆਰਾ
(ੲ) ਸੁਆਰਥੀ (ਸ) ਨਿਕੰਮਾ

(ਹ) ਸ਼ੁਧ ਸ਼ਬਦ ਚੁਣੋ: 2

1 (ੳ) ਕਿਹੜਾ (ਅ) ਕੇਹੜਾ
(ੲ) ਕਹਿੜਾ (ਸ) ਕਿੜ੍ਹਾ

2 (ੳ) ਭਕਤਿ (ਅ) ਭਗਤੀ
(ੲ) ਭਗਤਿ (ਸ) ਭਗਿਤੀ

ਪ੍ਰਸ਼ਨ:7 (ੳ) 'ਨਿਰ' ਅਤੇ 'ਪੜ' ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਉ। 2
(ਅ) 'ਖੋਰ' ਅਤੇ 'ਨਾਕ' ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਉ। 2

ਪ੍ਰਸ਼ਨ:8 ਵਿਸ਼ਰਾਮ ਚਿੰਨ੍ਹ ਲਗਾਓ:
ਮੇਰੇ ਮਿੱਤਰ ਨੇ ਕਿਹਾ ਤੂੰ ਮੇਰੇ ਘਰ ਆ ਕੇ ਮਿਲ 2

ਪ੍ਰਸ਼ਨ:9 ਨਿਰਦੇਸ਼ ਅਨੁਸਾਰ ਵਾਕ ਵਟਾਂਦਰਾਂ ਕਰੋ: 3

1. ਹਰਜੀਤ ਪੜ੍ਹਾਈ ਦੇ ਨਾਲ-ਨਾਲ ਖੇਡਣ ਵਿੱਚ ਵੀ ਚੰਗਾ ਹੈ (ਸੰਯੁਕਤ ਵਾਕ ਬਨਾਓ)
2. ਜਦੋਂ ਅਸੀਂ ਭਾਰਤ ਦੇ ਮੈਚ ਹਾਰਨ ਦੀ ਖਬਰ ਸੁਣੀ ਤਾਂ ਅਸੀਂ ਬਹੁਤ ਦੁਖੀ ਹੋਏ। (ਸਧਾਰਨ ਵਾਕ ਬਨਾਉ)
3. ਚੋਰੀ ਕਰਨੀ ਛੱਡ ਦਿਉ ਤੁਹਾਨੂੰ ਮਾਰ ਪਵੇਗੀ। (ਮਿਸ਼ਰਤ ਵਾਕ ਬਨਾਉ)

ਪ੍ਰਸ਼ਨ:10 (ੳ) ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ (ਕੋਈ ਤਿੰਨ) 3

1. ਟੱਸ ਤੋਂ ਮੱਸ ਨਾ ਹੋਣਾ
2. ਠੋਕ ਵਜਾ ਕੇ ਲੈਣਾ
3. ਲੂੰ ਕੰਡੇ ਖੜ੍ਹੇ ਹੋ ਜਾਣਾ
4. ਬੀੜਾ ਚੁੱਕਣਾ
5. ਵਾਲ ਵਿੰਗਾਂ ਨਾ ਹੋਣਾ

(ਅ) ਹੇਠ ਲਿਖੇ ਅਖਾਣ ਕਿਸ ਮੌਕੇ ਤੇ ਵਰਤੇ ਜਾਂਦੇ ਹਨ : 2

1. ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ
2. ਮੂੰਹ ਨਾ ਮੱਥਾ ਜਿੰਨ ਪਹਾੜੋ ਲੱਥਾ

ਪ੍ਰਸ਼ਨ:11 ਹੇਠ ਲਿਖੇ ਪੈਰ੍ਹੇ ਵਿੱਚੋਂ ਲਕੀਰੇ ਸ਼ਬਦਾਂ ਦਾ ਵਿਆਕਰਨਕ ਰੂਪ ਲਿਖੋ (ਕਿਰਿਆ, ਸੰਬੰਧਕ,ਯੋਗਕ) 3

ਮਾਸਟਰ ਬੁੱਧ ਸਿੰਘ ਦੀ ਇੱਛਾ ਸੀ ਕਿ ਉਸ ਦਾ ਪੁੱਤਰ ਫੁੱਟਬਾਲ ਵਿੱਚ ਪ੍ਰਸਿੱਧੀ ਪ੍ਰਾਪਤ ਕਰੇ। ਉਹ ਸਾਇਕਲ ਉੱਤੇ ਸਕੂਲ ਜਾਇਆ ਕਰਦੇ ਸਨ।ਤਰਵਿੰਦਰ ਖੇਡ ਦੇ ਮੈਦਾਨ ਵਿੱਚ ਪ੍ਰਮੁੱਖ ਖਿਡਾਰੀ ਹੁੰਦਾ ਹੈ। ਤਰਵਿੰਦਰ ਆਪਣੀ ਟੀਮ ਨਾਲ ਵਿਦੇਸ਼ਾ ਵਿੱਚ ਵੀ ਖੇਡਿਆ। ਦਰਸ਼ਕਾ ਨੂੰ ਉਦੋਂ ਹੀ ਪਤਾ ਲਗਦਾ ਹੈ ਜਦੋਂ ਬਾਲ ਗੋਲ ਵਿੱਚ ਲੰਘ ਜਾਦਾਂ ਸੀ।ਖੇਡ ਮਾਹਰ ਟੀ.ਆਰ.ਰਮਾ ਕ੍ਰਿਸ਼ਨਨ ਨੇ ਕਿਹਾ ਕਿ ਤਰਵਿੰਦਰ ਨੇ ਆਪਣੀ ਵਧੀਆ ਖੇ-ਡ ਕਾਰਨ ਸਾਰਾ ਮੈਚ ਆਪਣਾ ਬਣਾ ਲਿਆ ਹੈ। ਵਾਹ! ਤਰਵਿੰਦਰ ਸਿੰਘ ਤੂੰ ਸਭ ਦਾ ਨਾਂ ਵੀ ਉੱਚਾ ਕਰ ਦਿੱਤਾ ਹੈ।

ਪ੍ਰਸ਼ਨ:12 ਹੇਠ ਲਿਖੇ ਪੈਰ੍ਹੇ ਵਿੱਚੋ ਪੁੱਛੇ ਗਏ ਪ੍ਰਸਨਾਂ ਦੇ ਉੱਤਰ ਦਿਓ: 3

ਇਕ ਪਿੰਡ ਵਿਚ ਇਕ ਪੰਡਤ ਰਹਿੰਦਾ ਸੀ।ਉਸ ਦੀ ਘਰਵਾਲੀ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਉਸ ਪੰਡਤ ਦੇ ਘਰ ਇਕ ਨੇਵਲੀ ਰਹਿੰਦੀ ਸੀ। ਉਸ ਨੇਵਲੀ ਨੇ ਵੀ ਇਕ ਨੇਵਲੇ ਨੂੰ ਜਨਮ ਦਿੱਤਾ। ਪੰਡਤਾਣੀ ਆਪਣੇ ਪੁੱਤਰ ਵਾਂਗ ਉਸ ਨੇਵਲੀ ਦੇ ਬੱਚੇ ਨੂੰ ਵੀ ਪਾਲਣ ਲੱਗੀ।ਇਕ ਦਿਨ ਪੰਡਤਾਣੀ ਆਪੱਣੇ ਬੱਚੇ ਨੂੰ ਪਲੰਗ ਉੱਤੇ ਸੁਆ ਕੇ ਘੜਾ ਲੈ ਕੇ ਪਾਣੀ ਭਰਨ ਚਲੀ ਗਈ। ਅਚਾਨਕ ਹੀ ਇਕ ਕਾਲਾ ਸੱਪ ਆ ਕੇ ਪਲੰਗ ਉੱਤੇ ਚੜ੍ਹ ਕੇ ਬੈਠ ਗਿਆ। ਨੇਵਲੇ ਨੇ ਸੱਪ ਨੂੰ ਵੇਖ ਲਿਆ। ਸੱਪ ਬੱਚੇ ਨੂੰ ਡਸ ਨਾ ਲਵੇ ਇਹ ਸੋਚ ਕੇ ਨੇਵਲੇ ਨੇ ਸੱਪ ਉੱਤੇ ਹਮਲਾ ਕਰ ਦਿੱਤਾ ਅਤੇ ਸੱਪ ਨੂੰ ਮਾਰ ਦਿੱਤਾ।

1 ਪੰਡਤਾਣੀ ਦੇ ਘਰ ਕਿਸ ਨੇ ਜਨਮ ਲਿਆ?
2 ਪੰਡਤਾਣੀ ਆਪਣੇ ਪੁੱਤਰ ਵਾਂਗ ਕਿਸ ਨੂੰ ਪਾਲਣ ਲੱਗੀ?
3 ਅਚਾਨਕ ਹੀ ਪਲੰਗ ਦੇ ਉਤੇ ਚੜ੍ਹ ਕੇ ਕੌਣ ਬੈਠ ਗਿਆ?

ਪ੍ਰਸ਼ਨ:13 ਸਕੂਲ ਦੇ ਮੁਖਅਧਿਆਪਕ ਨੂੰ ਸ਼ੈਕਸ਼ਨ ਬਦਲਣ ਲਈ ਬੇਨਤੀ ਪੱਤਰ ਲਿਖੋ। 5

ਪ੍ਰਸ਼ਨ:14 ਹੇਠ ਲਿਖਿਆ ਵਿੱਚੋ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ: 5

ਟੈਲੀਵਿਜ਼ਨ ਦੇ ਲਾਭ ਹਾਨੀਆਂ

(ਜਾਂ)

ਮਨ ਭਾਉਂਦਾ ਤਿਉਹਾਰ